ਇੰਜੀ: ਪ੍ਰਵੀਨ ਬਿਰਦੀ, ਪਹਿਲੀ ਐਪੀਲੈਂਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿੱਚ।

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 561 ਮਿਤੀ 14/10/19

ਵਿਸ਼ਾ:- ਆਰ.ਟੀ.ਆਈ ਐਕਟ-2005 ਦੇ ਸੈਕਸ਼ਨ 19(1) ਅਧੀਨ ਪਹਿਲੀ ਅਪੀਲ – ਸ੍ਰੀ ਲੱਖਵਿੰਦਰ ਸਿੰਘ।

1) ਪੀ.ਆਈ.ਓ-ਕਮ-ਰਜਿਸਟਰਾਰ (ਪ੍ਰਸ਼ਾਸਨ ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ

2) ਅਪੀਲ ਕਰਤਾ:-

ਮਿਤੀ 10.10.2019 ਦੀ ਕਾਰਵਾਈ ਰਿਪੋਰਟ ਅੱਜ ਪੀ.ਆਈ.ਓ-ਕਮ-ਰਜਿਸਟਰਾਰ ,ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਸ੍ਰੀ ਮਹੇਸ਼ਚੰਦਰ, ਸੀਨੀਅਰ ਸਹਾਇਕ (ਪ੍ਰਸ਼ਾਸਨ ਸ਼ਾਖਾ) ਪੇਸ਼ ਹੋਏ। ਅਪੀਲ ਕਰਤਾ ਖੁਦ ਹਾਜਰ ਹੋਏ।

ਸ੍ਰੀ ਮਹੇਸ਼ਚੰਦਰ, ਸੀਨੀਅਰ ਸਹਾਇਕ ਵੱਲੋਂ ਬਿਆਨ ਕੀਤਾ ਗਿਆ ਕਿ ਲੜੀ ਨੰ 3 ਦੀ ਸੂਚਨਾ ਤਿਆਰ ਕਰ ਲਈ ਗਈ ਹੈ ਅਤੇ ਇਹ ਸੂਚਨਾ ਅਪੀਲ ਕਰਤਾ ਨੂੰ ਦਸਤੀ ਦੇ ਦਿੱਤੀ ਹੈ। ਲੜੀ ਨੰ 1,2 ਅਤੇ 4 ਦੀ ਸੂਚਨਾ ਬਾਰੇ ਅਪੀਲ ਕਰਤਾ ਨੇ ਸਮਾਂ ਸਪੱਸ਼ਟ ਨਹੀ ਕੀਤਾ। ਜਿਸ ਕਰਕੇ ਸੂਚਨਾ ਇਕੱਤਰ ਕਰਨ ਵਿੱਚ ਮੁਸ਼ਕਿਲ ਹੋ ਰਹੀ ਹੈ।

ਅਪੀਲ ਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਲੜੀ ਨੰ 1,2 ਅਤੇ 4 ਦੀ ਸੂਚਨਾ ਬਾਰੇ ਸਮਾਂ ਸਪੱਸ਼ਟ ਕਰਨ ਲਈ ਪੀ.ਆਈ.ਓ-ਕਮ-ਰਜਿਸਟਰਾਰ (ਪ੍ਰਸ਼ਾਸਨ ਸ਼ਾਖਾ) ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨਾਲ ਤਾਲਮੇਲ ਕਰੇ, ਤਾਂ ਜੋ ਉਹ ਲੋੜੀਦੀ ਸੂਚਨਾ ਇਕੱਤਰ ਕਰ ਸਕਣ।

ਇਸ ਲਈ ਸ੍ਰੀ ਮਹੇਸ਼ਚੰਦਰ, ਸੀਨੀਅਰ ਸਹਾਇਕ ਵੱਲੋਂ ਲੜੀ ਨੰ 1,2 ਅਤੇ 4 ਬਾਰੇ ਸੂਚਨਾ ਦੇਣ ਲਈ ਦੋ ਹਫਤੇ ਦੇ ਸਮੇਂ ਦੀ ਮੰਗ ਕੀਤੀ ਗਈ ਹੈ।

ਪੀ.ਆਈ.ਓ-ਕਮ-ਰਜਿਸਟਰਾਰ (ਪ੍ਰਸ਼ਾਸਨ ਸ਼ਾਖਾ) ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲ ਕਰਤਾ ਨੂੰ ਬਾਕੀ ਰਹਿੰਦੀ ਲੋੜੀਂਦੀ ਸੂਚਨਾ ਮੁਕੰਮਲ ਰੂਪ ਵਿੱਚ ਸੁਣਵਾਈ ਦੀ ਅਗਲੀ ਮਿਤੀ ਤੋਂ ਪਹਿਲਾਂ-2 ਭੇਜਣੀ ਯਕੀਨੀ ਬਣਾਈ ਜਾਵੇ।

ਇਸ ਅਪੀਲ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ ਦਿਨ ਬੁੱਧਵਾਰ ਮਿਤੀ 24.10.2019 ਨੂੰ ਸਵੇਰੇ 11.00 ਵੱਜੇ ਨਿਸ਼ਚਿਤ ਕੀਤੀ ਜਾਂਦੀ ਹੈ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ 651-53 /131ਐਮ/2ਵ:ਸ/2019 ਮਿਤੀ 10 /10/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਪੀ.ਆਈ.ਓ-ਕਮ-ਰਜਿਸਟਰਾਰ(ਪ੍ਰਸ਼ਾਸਨ ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2) ਸ੍ਰੀ ਲੱਖਵਿੰਦਰ ਸਿੰਘ, ਕੋਠੀ ਨੰ:106, ਗਰਾਉਂਡ ਫਲੋਰ, ਸੈਕਟਰ-33-ਏ, ਚੰਡੀਗੜ੍ਹ।

10/10/19

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਕਾਪੀ:- ਕਾਰਜਕਾਰੀ ਇੰਜੀਨੀਅਰ/ਕੰਪਿਊਟਰ ਸੈਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿੱਤ।